ਇੰਜੀ: ਪ੍ਰਵੀਨ ਬਿਰਦੀ ਐਪੀਲੈਟ ਅਥਾਰਟੀ-ਕਮ-ਡਾਇਰੈਕਟਰ/ਵਾਟਰ ਸੈਲ, ਸਿੰਚਾਈ ਵਿਭਾਗ, ਪੰਜਾਬ ਚੰਡੀਗੜ੍ਹ ਦੀ ਅਦਾਲਤ ਵਿੱਚ

ਵਿਸ਼ਾ: ਅਪੀਲ ਅਧੀਨ ਆਰ.ਟੀ.ਆਈ ਐਕਟ 2005-ਸ੍ਰੀ ਮਦਨ ਲਾਲ ਨਰੂਲਾ

ਪੀ.ਆਈ.ਓ-ਕਮ-ਕਾਰਜਕਾਰੀ ਇੰਜੀਨੀਅਰ ਕੇ.ਏ.ਡੀ ਸਿੰਚਾਈ ਵਿਭਾਗ ਪੰਜਾਬ, ਚੰਡੀਗੜ੍ਹ

ਅਪੀਲ ਕਰਤਾ

ਮਿਤੀ 15.05.17 ਦੀ ਕਾਰਵਾਈ ਰਿਪੋਰਟ:

ਅੱਜ ਮਿਤੀ 15.05.17 ਨੂੰ ਪੀ.ਆਈ.ਓ ਕਮ-ਕਾਰਜਕਾਰੀ ਇੰਜੀਨੀਅਰ ਕੇ.ਏ.ਡੀ ਸਿੰਚਾਈ ਵਿਭਾਗ ਪੰਜਾਬ, ਚੰਡੀਗੜ੍ਹ ਨਾਂ ਤਾਂ ਆਪ ਹਾਜ਼ਰ ਹੋਏ ਤੇ ਨਾ ਹੀ ਉਨ੍ਹਾਂ ਦਾ ਕੋਈ ਨੁਮਾਇਦਾ ਹਾਜ਼ਰ ਹੋਇਆ।

ਵਾਟਰ ਸੈਲ ਸ਼ਾਖਾ ਵਲੋਂ ਏ.ਪੀ.ਆਈ.ਓ ਕਮ ਸੁਪਰਡੰਟ ਹਾਜ਼ਰ ਹੋਏ। ਅਰਜ਼ੀ ਕਰਤਾ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਜਿਹੜੇ ਦਸਤਾਵੇਜ਼ ਉਨ੍ਹਾਂ ਨੂੰ ਪੱਤਰ ਨੰਬਰ 208/ਵ:ਸ ਮਿਤੀ 15.03.17 ਨਾਲ ਭੇਜੇ ਗਏ ਸਨ, ਉਹ ਜਾ ਤਾਂ ਖੁਦ ਲੈਕੇ ਅਗਲੀ ਮਿਤੀ ਤੇ ਪੇਸ਼ ਹੋਣ ਜਾਂ ਡਾਕ ਰਾਂਹੀ ਭੇਜਣ, ਤਾਂ ਜੋ ਦਸਤਾਵੇਜ਼ ਉਨ੍ਹਾਂ ਨੂੰ ਤਸਦੀਕ ਕਰਕੇ ਦਸਤੀ/ਡਾਕ ਰਾਂਹੀ ਦੇ ਦਿੱਤੇ ਜਾਣ।

ਲੜੀ ਨੰਬਰ 1 ਤੇ 4 ਦੇ ਸਬੰਧ ਵਿੱਚ ਏ.ਪੀ.ਆਈ.ਓ ਕਮ ਸੁਪਰਡੰਟ/ਵਾਟਰਸੈਲ ਨੇ ਦੱਸਿਆ ਹੈ ਕਿ ਇਹ ਸੂਚਨਾ ਅਰਜ਼ੀ ਕਰਤਾ ਵੱਲੋਂ ਆਪਣੇ ਪਹਿਲੇ ਪੱਤਰ ਮਿਤੀ 11.11.16 ਰਾਂਹੀ ਨਹੀਂ ਮੰਗੀ ਸੀ, ਅਤੇ ਆਪਣੀ ਪਹਿਲੀ ਅਪੀਲ ਦੀ ਅਰਜ਼ੀ ਦੁਆਰਾ ਹੀ ਮੰਗੀ ਗਈ ਹੈ, ਅਤੇ ਇਸ ਸੂਚਨਾ ਦਾ ਸਬੰਧ ਮੁੱਖ ਇੰਜੀਨੀਅਰ ਕੇ.ਏ.ਡੀ ਸਿੰਚਾਈ ਵਿਭਾਗ ਪੰਜਾਬ, ਚੰਡੀਗੜ੍ਹ ਜੀ ਨਾਲ ਹੈ ਕਿਉਂਕਿ ਐਸ.ਵਾਈ.ਐਲ ਦਾ ਰਿਕਾਰਡ ਉਨ੍ਹਾਂ ਦੇ ਕੰਟਰੋਲ ਅਧੀਨ ਹੈ।

ਅਰਜ਼ੀ ਕਰਤਾ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਲੜੀ ਨੰਬਰ 1,2,3 ਤੇ 4 ਦੇ ਸਬੰਧ ਵਿੱਚ ਸੂਚਨਾ ਲਈ ਸਬੰਧਤ ਪੀ.ਆਈ.ਓ ਨੂੰ ਅਰਜ਼ੀ ਪੇਸ਼ ਕਰਨ ਅਤੇ ਇਹ ਸੂਚਨਾ ਸਿੱਧੇ ਤੌਰ ਤੇ ਉਨ੍ਹਾਂ ਤੋਂ ਲਈ ਜਾਵੇ।

ਪੀ.ਆਈ.ਓ ਕਮ ਕਾਰਜਕਾਰੀ ਇੰਜੀਨੀਅਰ ਕੇ.ਏ.ਡੀ ਸਿੰਚਾਈ ਵਿਭਾਗ ਪੰਜਾਬ, ਚੰਡੀਗੜ੍ਹ ਜੀ ਵੱਲੋਂ ਕੋਈ ਪੇਸ਼ ਨਹੀਂ ਹੋਇਆ। ਇਸ ਨੂੰ ਬੜੀ ਗੰਭੀਰਤਾ ਨਾਲ ਲਿਆ ਗਿਆ ਹੈ। ਹੁਣ ਸੁਣਵਾਈ ਦੀ ਅਗਲੀ ਮਿਤੀ 24.05.17 ਨੂੰ ਸਵੇਰੇ 11:30 ਨਿਸ਼ਚਿਤ ਕੀਤੀ ਗਈ ਹੈ।

Sd/-

ਐਪੀਲੈਟ ਅਥਾਰਟੀ ਕਮ ਡਾਇਰੈਕਟਰ/ਵਾਟਰ ਸੈਲ
ਸਿੰਚਾਈ ਵਿਭਾਗ,ਪੰਜਾਬ,
ਚੰਡੀਗੜ੍ਹ।

ਨੰ: 296-98/2ਵ:ਸ — ਮਿਤੀ 15-05-17

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਤੇ ਅਗਲੇਰੀ ਕਾਰਵਾਈ ਲਈ ਭੇਜਿਆ ਜਾਂਦਾ ਹੈ।

1) ਪੀ.ਆਈ.ਓ-ਕਮ-ਕਾਰਜਕਾਰੀ ਇੰਜੀਨੀਅਰ ਕੇ.ਏ.ਡੀ ਸਿੰਚਾਈ ਵਿਭਾਗ ਪੰਜਾਬ, ਚੰਡੀਗੜ੍ਹ

2) ਕਾਰਜਕਾਰੀ ਇੰਜੀ. ਕੰਪਿਊਟਰ ਸੈਲ, ਸਿੰਚਾਈ ਵਿਭਾਗ ਪੰਜਾਬ, ਚੰਡੀਗੜ੍ਹ ਨੂੰ ਵੈਬਸਾਈਟ ਤੇ ਅਪਲੋਡ ਕਰਨ ਹਿਤ।

3) ਸ੍ਰੀ ਮਦਨ ਲਾਲ ਨਰੂਲਾ, ਪ੍ਰਧਾਨ ਅਖਿਲ ਭਾਰਤੀ ਲੋਕ ਤਾਂਤਰਿਕ ਅਧਿਕਾਰ ਰਕਸ਼ਾ ਸੰਮਤੀ-ਡਬਲਿਊ-14/ਸੀ-156, ਰੇਲਵੇ ਕਲੋਨੀ ਗੁਰੂ ਹਰਸਹਾਏ ਜਿਲਾ ਫਿਰੋਜ਼ਪੁਰ-ਪੰਜਾਬ 152022

ਐਪੀਲੈਟ ਅਥਾਰਟੀ ਕਮ ਡਾਇਰੈਕਟਰ/ਵਾਟਰ ਸੈਲ,
ਸਿੰਚਾਈ ਵਿਭਾਗ,ਪੰਜਾਬ,
ਚੰਡੀਗੜ੍ਹ

Scanned by CamScanner